Insurance Council
BRITISH COLUMBIA

### ਲਾਈਫ/ਅਤੇ ਜਾਂ ਐਕਸੀਡੈਂਟ ਅਤੇ ਸਿਕਨੈੱਸ ਇਨਸ਼ੋਰੈਂਸ ਏਜੰਟ

# ਇਨਸ਼ੋਰੈਂਸ ਏਜੰਟ ਬਣਨਾ:
# ਤੁਹਾਨੂੰ ਕੀ ਜਾਣਨ ਦੀ ਲੋੜ ਹੈ



## ਇਨਸ਼ੋਰੈਂਸ ਕੌਂਸਲ ਔਫ ਬੀ ਸੀ ਬਾਰੇ

ਇਨਸ਼ੋਰੈਂਸ ਕੌਂਸਲ ਔਫ ਬੀ ਸੀ (ਇਨਸ਼ੋਰੈਂਸ ਕੌਂਸਲ) ਬੀ ਸੀ ਸੂਬੇ ਦੀ ਸਰਕਾਰ ਵਲੋਂ ਬਣਾਈ ਹੋਈ ਇਕ ਸੰਸਥਾ ਹੈ ਜਿਹੜੀ ਲਾਈਫ/ਅਤੇ ਜਾਂ ਐਕਸੀਡੈਂਟ ਅਤੇ ਸਿਕਨੈੱਸ ਇਨਸ਼ੋਰੈਂਸ ਏਜੰਟਾਂ (ਲਾਈਫ ਇਨਸ਼ੋਰੈਂਸ ਏਜੰਟ), ਆਮ ਇਨਸ਼ੋਰੈਂਸ ਦੇ ਏਜੰਟਾਂ, ਸੇਲਜ਼ਪਰਸਨਜ਼ ਅਤੇ ਅਡਜਸਟਰਾਂ ਨੂੰ ਨਿਯਮਬੱਧ ਕਰਦੀ ਹੈ ਅਤੇ ਉਨ੍ਹਾਂ ਨੂੰ ਲਸੰਸ ਦਿੰਦੀ ਹੈ। ਇਨਸ਼ੋਰੈਂਸ ਕੌਂਸਲ ਇਹ ਪੱਕਾ ਕਰਦੇ ਹੋਏ ਲੋਕਾਂ ਦੀ ਰੱਖਿਆ ਕਰਦੀ ਹੈ ਕਿ ਲਸੰਸੀ ਨੈਤਿਕਤਾ, ਇਮਾਨਦਾਰੀ ਅਤੇ ਯੋਗਤਾ ਨਾਲ ਕੰਮ ਕਰਨ।

## ਇਸ ਗਾਈਡ ਬਾਰੇ

ਜਿਵੇਂ ਤੁਸੀਂ ਬ੍ਰਿਟਿਸ਼ ਕੋਲੰਬੀਆ ਵਿਚ ਲਾਈਫ ਇਨਸ਼ੋਰੈਂਸ ਏਜੰਟ ਵਜੋਂ ਕੰਮ ਕਰਨ ਲਈ ਤਿਆਰੀ ਕਰਦੇ ਹੋ, ਇਹ ਲਿਖਤ ਤੁਹਾਨੂੰ ਉਹ ਜਾਣਕਾਰੀ ਦਿੰਦੀ ਹੈ ਜਿਸ ਬਾਰੇ ਤੁਹਾਨੂੰ ਜਾਣੂ ਹੋਣ ਦੀ ਲੋੜ ਹੈ:

- ਲਾਈਫ ਇਨਸ਼ੋਰੈਂਸ ਏਜੰਟ ਕੀ ਹੈ?
- ਲਾਈਫ ਇਨਸ਼ੋਰੈਂਸ ਏਜੰਟ ਦੀਆਂ ਕਿਹੜੀਆਂ ਪੇਸ਼ਾਵਰ ਜ਼ਿੰਮੇਵਾਰੀਆਂ ਹਨ?
- ਲਾਈਫ ਇਨਸ਼ੋਰੈਂਸ ਏਜੰਟ ਵਜੋਂ ਕੰਮ ਕਰਨ ਵੇਲੇ ਕੀ ਉਮੀਦ ਰੱਖੀ ਜਾਂਦੀ ਹੈ?
- ਨਿਊ ਲਾਈਫ਼ ਇਨਸ਼ੋਰੈਂਸ ਏਜੰਟ ਲਈ ਲਾਜ਼ਮੀ ਸੁਪਰਵੀਜ਼ਨ ਦੀਆਂ ਸ਼ਰਤਾਂ ਕੀ ਹਨ?
- ਮੈਂ ਲਾਈਫ ਇਨਸ਼ੋਰੈਂਸ ਏਜੰਟ ਕਿਵੇਂ ਬਣਾਂ?
- ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?
- ਮਹੱਤਵਪੂਰਨ ਸ਼ਬਦ ਅਤੇ ਪਰਿਭਾਸ਼ਾਵਾਂ



## ਲਾਈਫ ਇਨਸ਼ੋਰੈਂਸ ਏਜੰਟ ਕੀ ਹੈ?

ਲਾਈਫ ਇਨਸ਼ੋਰੈਂਸ ਏਜੰਟ (ਜਿਸ ਨੂੰ ਲਾਈਫ ਏਜੰਟ ਦੇ ਤੌਰ ’ਤੇ ਵੀ ਜਾਣਿਆ ਜਾਂਦਾ ਹੈ) ਵਿਚੋਲਾ (ਵਿਚਕਾਰਲਾ ਵਿਅਕਤੀ) ਹੁੰਦਾ ਹੈ ਜਿਸ ਦਾ ਘੱਟੋ ਘੱਟ ਇਕ ਇਨਸ਼ੋਰੈਂਸ ਕੰਪਨੀ ਨਾਲ ਕੌਨਟਰੈਕਟ ਹੁੰਦਾ ਹੈ ਅਤੇ ਉਸ ਨੂੰ ਲਾਈਫ/ਅਤੇ ਜਾਂ ਐਕਸੀਡੈਂਟ ਅਤੇ ਸਿਕਨੈੱਸ ਇਨਸ਼ੋਰੈਂਸ ਦੀਆਂ ਪਾਲਸੀਆਂ ਅਤੇ ਸੇਵਾਵਾਂ ਗਾਹਕਾਂ ਨੂੰ ਵੇਚਣ ਦਾ ਅਧਿਕਾਰ ਹੁੰਦਾ ਹੈ।

ਬ੍ਰਿਟਿਸ਼ ਕੋਲੰਬੀਆ ਵਿਚ, ਲਾਈਫ ਇਨਸ਼ੋਰੈਂਸ ਲਸੰਸੀਆਂ ਨੂੰ ਲਾਈਫ ਅਤੇ ਐਕਸੀਡੈਂਟ ਅਤੇ ਸਿਕਨੈੱਸ ਇਨਸ਼ੋਰੈਂਸ ਦੀਆਂ ਵਸਤਾਂ (ਪ੍ਰੋਡਕਟਸ) ਵੇਚਣ ਦਾ ਅਧਿਕਾਰ ਹੈ, ਜਦ ਕਿ ਐਕਸੀਡੈਂਟ ਅਤੇ ਸਿਕਨੈੱਸ ਇਨਸ਼ੋਰੈਂਸ ਲਸੰਸੀਆਂ ਨੂੰ ਸਿਰਫ ਐਕਸੀਡੈਂਟ ਅਤੇ ਸਿਕਨੈੱਸ ਇਨਸ਼ੋਰੈਂਸ ਵੇਚਣ ਦਾ ਹੀ ਅਧਿਕਾਰ ਹੈ।

ਨਿਊ ਲਾਈਫ ਇਨਸ਼ੋਰੈਂਸ ਏਜੰਟ ਇੱਕ ਲਸੰਸੀ ਹੁੰਦਾ ਹੈ ਜਿਸ ਨੇ ਜਾਂ ਤਾਂ ਲਾਜ਼ਮੀ 24-ਮਹੀਨੇ ਦੀ ਸੁਪਰਵੀਜ਼ਨ ਦੀ ਮਿਆਦ ਪੂਰੀ ਨਹੀਂ ਕੀਤੀ ਹੁੰਦੀ ਜਾਂ ਉਸ ਨੂੰ ਬਿਨਾਂ ਸੁਪਰਵੀਜ਼ਨ ਦੇ ਪ੍ਰੈਕਟਿਸ ਕਰਨ ਲਈ ਮਨਜ਼ੂਰੀ ਨਹੀਂ ਮਿਲੀ ਹੁੰਦੀ।

## ਪੇਸ਼ਾਵਰ ਜ਼ਿੰਮੇਵਾਰੀਆਂ

ਲਾਈਫ ਇਨਸ਼ੋਰੈਂਸ ਏਜੰਟ ਬਣਨ ਲਈ, ਤੁਹਾਨੂੰ ਇਮਤਿਹਾਨ ਲਿਖਣ ਅਤੇ ਲਾਈਫ/ਅਤੇ ਜਾਂ ਐਕਸੀਡੈਂਟ ਅਤੇ ਸਿਕਨੈੱਸ ਇਨਸ਼ੋਰੈਂਸ ਲਸੰਸ ਲੈਣ ਦੀ ਲੋੜ ਹੈ; ਪਰ, ਲਾਈਫ ਇਨਸ਼ੋਰੈਂਸ ਏਜੰਟ ਬਣਨ ਲਈ ਇਹ ਸਿਰਫ ਪਹਿਲਾ ਕਦਮ ਹੈ। ਆਪਣਾ ਇਨਸ਼ੋਰੈਂਸ ਦਾ ਲਸੰਸ ਲੈਣ ਤੋਂ ਬਾਅਦ, ਇਨਸ਼ੋਰੈਂਸ ਕੌਂਸਲ ਨਾਲ ਲਸੰਸੀ ਬਣੇ ਰਹਿਣ ਲਈ ਤੁਸੀਂ ਜਾਰੀ ਰਹਿਣ ਵਾਲੀਆਂ ਪੇਸ਼ਾਵਰ ਜ਼ਿੰਮੇਵਾਰੀਆਂ ਪੂਰੀਆਂ ਕਰਨ ਲਈ ਜ਼ਿੰਮੇਵਾਰ ਹੋ। ਇਨ੍ਹਾਂ ਵਿਚ ਸ਼ਾਮਲ ਹਨ:

- ਹਰ ਸਾਲ ਆਪਣੀ ਕੰਟੀਨਿਊਇੰਗ ਐਜੂਕੇਸ਼ਨ (ਸੀ ਈ) ਮੁਕੰਮਲ ਕਰਨਾ
- ਗਲਤੀਆਂ ਅਤੇ ਉਕਾਈਆਂ (ਈ ਐਂਡ ਓ) ਦੀ ਆਪਣੀ ਇਨਸ਼ੋਰੈਂਸ ਕਾਇਮ ਰੱਖਣਾ
- ਆਪਣੀ ਸਲਾਨਾ (ਲਸੰਸ ਨਵਿਆਉਣ ਲਈ) ਦਰਜ ਕਰਵਾਉਣਾ
- ਇਨਸ਼ੋਰੈਂਸ ਕੌਂਸਲ ਨੂੰ ਲਾਜ਼ਮੀ ਸੂਚਨਾਵਾਂ ਦੇਣਾ
- ਇਨਸ਼ੋਰੈਂਸ ਕੌਂਸਲ ਦੇ ਨਿਯਮਾਂ ਅਤੇ ਕੋਡ ਔਫ ਕੰਡਕਟ ਵਿਚਲੀਆਂ ਸ਼ਰਤਾਂ ਪੂਰੀਆਂ ਕਰਨਾ।

ਆਪਣੀ ਪੇਸ਼ਾਵਰ ਜ਼ਿੰਮੇਵਾਰੀਆਂ ਪੂਰੀਆਂ ਕਰਨ ਵਿਚ ਫੇਲ੍ਹ ਹੋਣ ’ਤੇ ਅਨੁਸਾਸ਼ਨੀ ਕਾਰਵਾਈ ਅਤੇ/ਜਾਂ ਜੁਰਮਾਨੇ ਹੋ ਸਕਦੇ ਹਨ।

**ਲਸੰਸੀਆਂ ਦੀ ਨਿਯਮਾਂ ਤੋਂ ਜਾਣੂ ਹੋਣ ਅਤੇ ਇਨ੍ਹਾਂ ਦੀ ਪਾਲਣਾ ਕਰਨ ਦੀ ਜ਼ਿੰਮੇਵਾਰੀ ਹੈ।**

ਇਨਸ਼ੋਰੈਂਸ ਲਸੰਸੀਆਂ ਲਈ ਮਹੱਤਵਪੂਰਨ ਤਬਦੀਲੀਆਂ ਜਾਂ ਸ਼ਰਤਾਂ ਬਾਰੇ ਪ੍ਰੈਕਟਿਸ ਦੀਆਂ ਸਲਾਹਾਂ ਇਨਸ਼ੋਰੈਂਸ ਕੌਂਸਲ ਦੇ ਵੈੱਬਸਾਈਟ ਦੇ ਨੋਟਿਸਿਜ਼ ਸੈਕਸ਼ਨ ਵਿਚ ਛਾਪੀਆਂ ਜਾਂਦੀਆਂ ਹਨ:

**INSURANCECOUNCILOFBC.COM/NOTICES**

## ਲਾਈਫ ਇਨਸ਼ੋਰੈਂਸ ਏਜੰਟ ਦੇ ਤੌਰ ’ਤੇ ਕੰਮ ਕਰਨਾ: ਮੇਰੇ ਤੋਂ ਕੀ ਉਮੀਦ ਰੱਖੀ ਜਾਂਦੀ ਹੈ?

ਲਾਈਫ ਇਨਸ਼ੋਰੈਂਸ ਤੇਜ਼ੀ ਵਾਲੀ, ਮੁਕਾਬਲਾਕਾਰੀ ਇੰਡਸਟਰੀ ਹੈ ਜਿਹੜੀ ਲਸੰਸੀਆਂ ਤੋਂ ਵਚਨਬੱਧਤਾ ਅਤੇ ਯੋਗਤਾ ਦੀ ਮੰਗ ਕਰਦੀ ਹੈ। ਲਾਈਫ ਇਨਸ਼ੋਰੈਂਸ ਏਜੰਟ ਦੇ ਤੌਰ ’ਤੇ, ਤੁਹਾਡੇ ਤੋਂ ਆਪਣੀਆਂ ਰੋਜ਼ਾਨਾ ਸਰਗਰਮੀਆਂ ਵਿਚ ਅੱਗੇ ਦਿੱਤੇ ਗੁਣਾਂ ਦੀ ਉਮੀਦ ਰੱਖੀ ਜਾਵੇਗੀ।

ਇਸ ਵਿਚ ਸ਼ਾਮਲ ਹਨ:

**ਕਲਾਇੰਟ ਦੇ ਹਿੱਤਾਂ ਦੀ ਰੱਖਿਆ:** ਤੁਸੀਂ ਹਰ ਸਮੇਂ ਆਪਣੇ ਕਲਾਇੰਟ ਦੇ ਬਿਹਤਰ ਹਿੱਤਾਂ ਨੂੰ ਪਹਿਲ ਦੇਣ ਦੀ ਆਪਣੀ ਪੇਸ਼ਾਵਰ ਅਤੇ ਨੈਤਿਕ ਜ਼ਿੰਮੇਵਾਰੀ ਲਈ ਵਚਨਬੱਧ ਹੋ।

**ਲਚਕੀਲਾਪਣ:** ਤੁਸੀਂ ਸਟਰੈੱਸ ਅਤੇ ਕਲਾਇੰਟ ਵਲੋਂ ਨਾਂਹ ਕੀਤੇ ਜਾਣ ਨੂੰ ਬਰਦਾਸ਼ਤ ਕਰਨ ਦੇ ਸਮਰੱਥ ਹੋ ਜਿਸ ਦਾ ਅਨੁਭਵ ਤੁਹਾਨੂੰ ਕਲਾਇੰਟ ਲੱਭਣ ਲਈ ਫੋਨ ਕਰਨ ਵੇਲੇ ਜਾਂ ਦਰਵਾਜ਼ਾ ਖੜਕਾਉਣ ਵੇਲੇ ਹੋ ਸਕਦਾ ਹੈ।

**ਅਨੁਕੂਲਤਾ ਅਤੇ ਨਿਮਰਤਾ:** ਤੁਸੀਂ ਬਾਹਰ 9 ਤੋਂ 5 ਕੰਮ ਕਰਦੇ ਹੋ ਅਤੇ ਆਪਣੇ ਕਲਾਇੰਟਾਂ ਦੀ ਸਹੂਲਤ ਮੁਤਾਬਕ ਸ਼ਾਮਾਂ ਅਤੇ ਹਫਤੇ ਅੰਤਾਂ ਉੱਪਰ ਦਫਤਰ ਤੋਂ ਬਾਹਰ ਉਨ੍ਹਾਂ ਦੀ ਮਦਦ ਕਰਦੇ ਹੋ।

**ਨਿਯਮਾਂ ਦੀ ਪਾਲਣਾ:** ਤੁਸੀਂ ਇਨਸ਼ੋਰੈਂਸ ਕੌਂਸਲ ਦੇ ਨਿਯਮਾਂ, ਕੋਡ ਔਫ ਕੰਡਕਟ, ਅਤੇ ਇਨਸ਼ੋਰੈਂਸ ਕਾਨੂੰਨ ਦੀ ਤਾਜ਼ਾ ਜਾਣਕਾਰੀ ਰੱਖਦੇ ਹੋਏ ਇਨਸ਼ੋਰੈਂਸ ਕੌਂਸਲ ਦੇ ਲਸੰਸੀ ਵਜੋਂ ਆਪਣੀਆਂ ਪੇਸ਼ਾਵਰ ਜ਼ਿੰਮੇਵਾਰੀਆਂ ਦੀ ਪਾਲਣਾ ਕਰਦੇ ਹੋ।

**ਲਗਾਤਾਰ ਸਿੱਖਦੇ ਰਹਿਣ ਦੀ ਵਚਨਬੱਧਤਾ:** ਤੁਹਾਨੂੰ ਇਨਸ਼ੋਰੈਂਸ ਵਸਤਾਂ ਅਤੇ ਸੇਵਾਵਾਂ ਦਾ ਡੂੰਘਾ ਗਿਆਨ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਤੁਸੀਂ ਆਪਣੇ ਕਲਾਇੰਟ ਦੀਆਂ ਲੋੜਾਂ ਮੁਤਾਬਕ ਸਭ ਤੋਂ ਬਿਹਤਰ ਸਿਫਾਰਸ਼ ਕਰ ਰਹੇ ਹੋ। ਤੁਸੀਂ ਇਨਸ਼ੋਰੈਂਸ ਦੇ ਮੌਜੂਦਾ ਰੁਝਾਨਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਰੱਖਦੇ ਹੋ ਅਤੇ ਮਾਰਕੀਟ ਦੀਆਂ ਮੌਜੂਦਾ ਹਾਲਤਾਂ ਨੂੰ ਸਮਝਣ ਵਿਚ ਖਪਤਕਾਰਾਂ ਦੀ ਮਦਦ ਕਰਦੇ ਹੋ।

**ਸਵੈ–ਪ੍ਰੇਰਣਾ:** ਤੁਸੀਂ ਇਹ ਸਮਝਦੇ ਹੋ ਕਿ ਆਪਣਾ ਨਾਂ ਬਣਾਉਣ ਲਈ ਸਮੇਂ ਅਤੇ ਕੋਸ਼ਿਸ਼ ਦੀ ਅਤੇ ਪੱਕੀ ਆਮਦਨ ਹਾਸਲ ਕਰਨ ਲਈ ਕਲਾਇੰਟਾਂ ਦੀ ਲੋੜ ਹੁੰਦੀ ਹੈ। ਇਵਜ਼ਾਨਾ ਵੱਖ ਵੱਖ ਹੁੰਦਾ ਹੈ ਜੋ ਕਿ ਇਨਸ਼ੋਰੈਂਸ ਕਰਨ ਵਾਲੀ ਕੰਪਨੀ ਜਾਂ ਇਨਸ਼ੋਰੈਂਸ ਏਜੰਸੀ ਨਾਲ ਤੁਹਾਡੇ ਐਗਰੀਮੈਂਟ ’ਤੇ ਨਿਰਭਰ ਹੁੰਦਾ ਹੈ। ਜੇ ਤੁਸੀਂ ਆਜ਼ਾਦ ਕੌਨਟਰੈਕਟਰ ਹੋਵੋ ਤਾਂ ਤੁਹਾਨੂੰ ਪੈਸੇ ਕਮਿਸ਼ਨ ਦੇ ਆਧਾਰ ’ਤੇ ਮਿਲਣ ਦੀ ਸੰਭਾਵਨਾ ਹੈ। ਇਸ ਕਰਕੇ, ਤੁਸੀਂ ਇਹ ਪੱਕਾ ਕਰਦੇ ਹੋ ਕਿ ਆਪਣਾ ਗੁਜ਼ਾਰਾ ਕਰਨ ਲਈ ਤੁਹਾਡੇ ਕੋਲ ਕਾਫੀ ਪੈਸੇ ਹਨ, ਇਸ ਚੀਜ਼ ਨੂੰ ਧਿਆਨ ਵਿਚ ਰੱਖਦੇ ਹੋਏ ਕਿ ਆਪਣੀ ਪ੍ਰੈਕਟਿਸ ਸਥਾਪਤ ਕਰਨ ਦੌਰਾਨ ਤੁਹਾਡੀ ਆਮਦਨ ਸੰਭਵ ਤੌਰ ’ਤੇ ਅਸਥਿਰ ਹੋਵੇਗੀ।

**ਵਿੱਤੀ ਸਮਰੱਥਾ:** ਤੁਸੀਂ ਉਨ੍ਹਾਂ ਖਰਚਿਆਂ ਤੋਂ ਜਾਣੂ ਹੋ ਜਿਹੜੇ ਤੁਹਾਨੂੰ ਲਸੰਸ ਲੈਣ ਅਤੇ ਕਾਰੋਬਾਰ ਕਰਨ ਲਈ ਕਰਨੇ ਪੈ ਸਕਦੇ ਹਨ। ਭਾਵੇਂ ਕਿ ਖਰਚੇ ਵੱਖ ਵੱਖ ਹੁੰਦੇ ਹਨ, ਅਗਲਾ ਸਫਾ ਲਸੰਸ ਲੈਣ ਵਾਲੇ ਲਈ ਅੰਦਾਜ਼ਨ ਖਰਚਾ ਦੱਸਦਾ ਹੈ।

ਉਦਾਹਰਣ ਲਈ:

ਕੰਮ ਸ਼ੁਰੂ ਕਰਨ ਤੋਂ ਪਹਿਲਾਂ ਲਸੰਸ ਫੀਸ ਅਤੇ ਹੋਰ ਸੰਬੰਧਿਤ ਖਰਚੇ 1,000 ਡਾਲਰ ਤੋਂ ਵੱਧ ਹੋ ਸਕਦੇ ਹਨ। ਇਹਨਾਂ ਫੀਸਾਂ ਵਿੱਚ ਐੱਲ ਐੱਲ ਕਿਊ ਪੀ ਪ੍ਰੀਕੁਆਲੀਫੀਕੇਸ਼ਨ ਕੋਰਸ ਅਤੇ ਇਮਤਿਹਾਨ, ਲਸੰਸ ਦੀ ਅਰਜ਼ੀ ਫੀਸ, ਅਤੇ ਇਨਸ਼ੋਰੈਂਸ ਕੌਂਸਲ ਰੂਲਜ਼ ਕੋਰਸ ਸ਼ਾਮਲ ਹੋ ਸਕਦੇ ਹਨ, ਪਰ ਇਹਨਾਂ ਤੱਕ ਸੀਮਿਤ ਨਹੀਂ ਹੈ। ਇਨਸ਼ੋਰੈਂਸ ਕੌਂਸਲ ਦੀਆਂ ਲਸੰਸ ਫੀਸਾਂ ਦੀ ਵਿਸਤਾਰਪੂਰਵਕ ਸੂਚੀ ਲਈ, ਸਾਡੀ ਵੈੱਬਸਾਈਟ ‘ਤੇ ਫੀਸ ਸੂਚੀ ਵੇਖੋ।

ਇਸ ਵਿੱਚ ਹੇਠ ਲਿਖੇ ਸ਼ਾਮਲ ਨਹੀਂ ਹਨ:

**ਇਨਸ਼ੋਰੈਂਸ ਲਸੰਸ ਨੂੰ ਬਣਾਈ ਰੱਖਣ ਦੇ ਜਾਰੀ ਰਹਿਣ ਵਾਲੇ ਖਰਚੇ**

- ਸਾਲਾਨਾ ਲਸੰਸ ਨਵਿਆਉਣਾ
- ਕੰਟੀਨਿਊਇੰਗ ਐਜੂਕੇਸ਼ਨ ਕੋਰਸ
- ਗਲਤੀਆਂ ਅਤੇ ਉਕਾਈਆਂ ਦੀ ਇਨਸ਼ੋਰੈਂਸ

**ਕਾਰੋਬਾਰ ਕਰਨ ਦੇ ਖਰਚੇ**

- ਉੱਤਲੇ ਖਰਚੇ
- ਟਰੇਨਿੰਗ
- ਕਮਿਸ਼ਨ ਦੀ ਸੰਭਾਵੀ ਵਾਪਸੀ (ਜੇ ਕਲਾਇੰਟ ਪੌਲਸੀ ਦੇ ਪਹਿਲੇ ਦੋ ਸਾਲਾਂ ਵਿੱਚ ਆਪਣੀ ਪੌਲਸੀ ਕੈਂਸਲ ਕਰ ਦਿੰਦਾ ਹੈ)

ਨੋਟ: ਖਰਚੇ ਵੱਖਰੇ ਹੋ ਸਕਦੇ ਹਨ ਜੋ ਕਿ ਕਿਸੇ ਏਜੰਸੀ ਜਾਂ ਇਨਸ਼ੋਰੈਂਸ ਕਰਨ ਵਾਲੀ ਕੰਪਨੀ ਨਾਲ ਤੁਹਾਡੇ ਐਗਰੀਮੈਂਟ ‘ਤੇ ਨਿਰਭਰ ਕਰਦਾ ਹੈ।

## ਲਾਜ਼ਮੀ ਸੁਪਰਵੀਜ਼ਨ

ਲਾਜ਼ਮੀ ਸੁਪਰਵੀਜ਼ਨ ਦੀ ਸ਼ਰਤ ਇਨਸ਼ੋਰੈਂਸ ਕੌਂਸਲ ਰੂਲਜ਼ ਵਿੱਚ ਦੱਸੀ ਗਈ ਹੈ। ਨਿਊ ਲਾਈਫ ਇਨਸ਼ੋਰੈਂਸ ਏਜੰਟ ਸਿਰਫ਼ ਲਾਈਫ ਏਜੰਟ ਸੁਪਰਵਾਈਜ਼ਰ ਦੀ ਸੁਪਰਵਿਜ਼ਨ ਹੇਠ ਇਨਸ਼ੋਰੈਂਸ ਗਤੀਵਿਧੀਆਂ ਕਰ ਸਕਦਾ ਹੈ। ਲਾਜ਼ਮੀ ਸੁਪਰਵਿਜ਼ਨ ਦੀ ਮਿਆਦ ਘੱਟੋ-ਘੱਟ 24 ਮਹੀਨੇ ਹੈ, ਕੁਝ ਅਪਵਾਦ ਲਾਗੂ ਹੁੰਦੇ ਹਨ, ਕਿਰਪਾ ਕਰ ਕੇ *ਗਾਈਡਲਾਈਨਜ਼ ਫਾਰ ਸੁਪਰਵੀਜ਼ਨ ਔਫ ਨਿਊ ਲਾਈਫ ਐਂਡ/ਔਰ ਐਕਸੀਡੈਂਟ ਐਂਡ ਸਿਕਨੈੱਸ ਏਜੰਟਸ* ਦੇਖੋ।



# ਮੈਂ ਲਾਈਫ ਇਨਸ਼ੋਰੈਂਸ ਏਜੰਟ ਕਿਵੇਂ ਬਣਨਾ ਹੈ?

**ਲਾਈਫ ਇਨਸ਼ੋਰੈਂਸ ਏਜੰਟ ਦੇ ਲਸੰਸ ਲਈ ਅਪਲਾਈ ਕਰਨ ਤੋਂ ਪਹਿਲਾਂ, ਤੁਹਾਨੂੰ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਕਰਨ ਦੀ ਲੋੜ ਪਵੇਗੀ:**

- ਲਾਈਫ਼ ਲਾਇਸੈਂਸ ਕੁਆਲੀਫੀਕੇਸ਼ਨ ਪ੍ਰੋਗਰਾਮ (ਐੱਲ ਐੱਲ ਕਿਊ ਪੀ) ਦਾ ਪ੍ਰੀਰੈਕੋਜ਼ਿਟ ਕੋਰਸ ਇਨਸ਼ੋਰੈਂਸ ਕੌਂਸਲ ਦੁਆਰਾ ਪ੍ਰਵਾਨਿਤ ਕਿਸੇ ਕੋਰਸ ਕਰਵਾਉਣ ਵਾਲੇ ਰਾਹੀਂ ਪੂਰਾ ਕਰੋ।

- ਐੱਲ ਐੱਲ ਕਿਊ ਪੀ ਕੋਰਸ ਪੂਰਾ ਕਰਨ ਦੇ ਇਕ ਸਾਲ ਦੇ ਅੰਦਰ ਅੰਦਰ ਆਪਣੇ ਲਸੰਸ ਲਈ ਐੱਲ ਐੱਲ ਕਿਊ ਪੀ ਟੈੱਸਟ ਦੇ ਲੋੜੀਂਦੇ ਹਿੱਸੇ ਕਾਮਯਾਬੀ ਨਾਲ ਪਾਸ ਕਰੋ:
  - **ਲਾਈਫ ਇਨਸ਼ੋਰੈਂਸ ਏਜੰਟ ਦੇ ਲਸੰਸ** ਲਈ, ਤੁਹਾਨੂੰ ਟੈੱਸਟ ਦੇ ਸਾਰੇ ਚਾਰ ਹਿੱਸੇ ਪੂਰੇ ਕਰਨ ਦੀ ਲੋੜ ਪਵੇਗੀ: ਲਾਈਫ ਇਨਸ਼ੋਰੈਂਸ, ਐਕਸੀਡੈਂਟ ਅਤੇ ਸਿਕਨੈੱਸ, ਐਥਿਕਸ ਅਤੇ ਪ੍ਰੋਫੈਸ਼ਨਲ ਪ੍ਰੈਕਟਿਸ – ਕੌਮਨ ਲਾਅ ਅਤੇ ਸੈਗਰੇਗੇਟਿਡ ਫੰਡਜ਼ ਐਂਡ ਅਨਿਊਟੀਜ਼।
  - **ਐਕਸੀਡੈਂਟ ਅਤੇ ਸਿਕਨੈੱਸ ਇਨਸ਼ੋਰੈਂਸ ਏਜੰਟ ਦੇ ਲਸੰਸ** ਲਈ, ਤੁਹਾਨੂੰ ਯੋਗਤਾ ਲਈ ਟੈੱਸਟ ਦੇ ਦੋ ਹਿੱਸੇ ਪਾਸ ਕਰਨ ਦੀ ਲੋੜ ਪਵੇਗੀ: ਐਕਸੀਡੈਂਟ ਅਤੇ ਸਿਕਨੈੱਸ, ਐਥਿਕਸ ਅਤੇ ਪ੍ਰੋਫੈਸ਼ਨਲ ਪ੍ਰੈਕਟਿਸ – ਕੌਮਨ ਲਾਅ।

ਐੱਲ ਐੱਲ ਕਿਊ ਪੀ ਇਮਤਿਹਾਨਾਂ ਬਾਰੇ ਵਧੇਰੇ ਜਾਣਕਾਰੀ ਲਈ, ਸਾਡੀ ਵੈੱਬਸਾਈਟ ਦੇ ਐੱਲ ਐੱਲ ਕਿਊ ਪੀ ਸੈਕਸ਼ਨ ਨੂੰ ਵੇਖੋ।

**ਐੱਲ ਐੱਲ ਕਿਊ ਪੀ ਟੈੱਸਟ ਕਾਮਯਾਬੀ ਨਾਲ ਮੁਕੰਮਲ ਕਰਨ ਤੋਂ ਬਾਅਦ ਇਕ ਸਾਲ ਦੇ ਅੰਦਰ ਅੰਦਰ, ਤੁਸੀਂ ਇਨਸ਼ੋਰੈਂਸ ਲਸੰਸ ਲਈ ਅਪਲਾਈ ਕਰ ਸਕਦੇ ਹੋ। ਅਪਲਾਈ ਕਰਨ ਤੋਂ ਪਹਿਲਾਂ, ਤੁਹਾਨੂੰ ਇਹ ਕਰਨ ਦੀ ਲੋੜ ਪਵੇਗੀ:**

- ਕੌਂਸਲ ਰੂਲਜ਼ ਕੋਰਸ ਪੂਰਾ ਕਰਨ ਦੀ;
- ਕਿਸੇ ਇਨਸ਼ੋਰੈਂਸ ਕੰਪਨੀ ਦੀ ਨੁਮਾਇੰਦਗੀ ਕਰਨ ਲਈ ਕੌਨਟਰੈਕਟ ਲੈਣ ਦੀ;
- ਇਹ ਪੱਕਾ ਕਰਨ ਦੀ ਕਿ ਤੁਹਾਡੇ ਕੋਲ ਯੋਗਤਾਪ੍ਰਾਪਤ ਲਾਈਫ ਏਜੰਟ ਸੁਪਰਵਾਈਜ਼ਰ ਹੈ ਜੋ ਲਸੰਸ ਦੇ ਤੁਹਾਡੇ ਪਹਿਲੇ ਦੋ ਸਾਲਾਂ ਲਈ ਤੁਹਾਡੀ ਨਿਗਰਾਨੀ ਕਰੇਗਾ (*ਗਾਈਡਲਾਈਨਜ਼ ਫਾਰ ਸੁਪਰਵੀਜ਼ਨ ਔਫ ਨਿਊ ਲਾਈਫ ਐਂਡ/ਔਰ ਐਕਸੀਡੈਂਟ ਐਂਡ ਸਿਕਨੈੱਸ ਏਜੰਟਸ* ਦੇਖੋ);
- ਇਹ ਪੱਕਾ ਕਰੋ ਕਿ ਤੁਹਾਡੇ ਕੋਲ ਗਲਤੀਆਂ ਅਤੇ ਉਕਾਈਆਂ ਦੀ ਲੋੜੀਂਦੀ ਘੱਟੋ ਘੱਟ ਇਨਸ਼ੋਰੈਂਸ ਕਵਰੇਜ ਹੈ;
- ਇਹ ਫੈਸਲਾ ਕਰੋ ਕਿ ਕੀ ਤੁਸੀਂ ਆਜ਼ਾਦ ਕੌਨਟਰੈਕਟਰ (ਕਿਸੇ ਏਜੰਸੀ ਨਾਲ ਨਾ ਲੱਗੇ ਹੋਏ) ਹੋਵੋਗੇ ਜਾਂ ਕਿਸੇ ਇਨਸ਼ੋਰੈਂਸ ਏਜੰਸੀ ਦੇ ਮੁਲਾਜ਼ਮ ਹੋਵੋਗੇ; ਅਤੇ
- ਇਹ ਪੱਕਾ ਕਰੋ ਕਿ ਤੁਸੀਂ ਲਸੰਸ ਲਈ ਐਪਲੀਕੇਸ਼ਨ ਵਿਚ ਦੱਸੇ ਮੁਤਾਬਕ ਯੋਗਤਾ ਅਤੇ ਹਿੱਤਾਂ ਦੇ ਟਕਰਾਅ ਬਾਰੇ ਸਾਰੀਆਂ ਸ਼ਰਤਾਂ ਵਿਚਾਰ ਲਈਆਂ ਹਨ ਅਤੇ ਇਹ ਪੂਰੀਆਂ ਕਰਦੇ ਹੋ।

**ਲਸੰਸ ਲਈ ਆਪਣੀ ਭਰੀ ਹੋਈ ਐਪਲੀਕੇਸ਼ਨ ਅਤੇ ਇਸ ਨਾਲ ਸੰਬੰਧਿਤ ਕਾਗਜ਼-ਪੱਤਰ ਇਨਸ਼ੋਰੈਂਸ ਕੌਂਸਲ ਕੋਲ ਦਰਜ ਕਰਵਾਉ।**

ਇੱਕ ਵਾਰ ਜਦੋਂ ਤੁਹਾਡੀ ਅਰਜ਼ੀ ਦੀ ਪੜਚੋਲ ਅਤੇ ਮਨਜ਼ੂਰੀ ਹੋ ਜਾਂਦੀ ਹੈ, ਤਾਂ ਤੁਹਾਨੂੰ ਇਨਸ਼ੋਰੈਂਸ ਕੌਂਸਲ ਤੋਂ ਪੁਸ਼ਟੀ ਮਿਲੇਗੀ ਕਿ ਤੁਸੀਂ ਆਪਣਾ ਲਾਈਫ ਇਨਸ਼ੋਰੈਂਸ ਏਜੰਟ ਦਾ ਲਸੰਸ ਸਫਲਤਾਪੂਰਵਕ ਪ੍ਰਾਪਤ ਕਰ ਲਿਆ ਹੈ।

# ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਲਾਈਫ ਇਨਸ਼ੋਰੈਂਸ ਏਜੰਟਾਂ ਲਈ ਲਸੰਸ ਦੀ ਅਰਜ਼ੀ ਦੀਆਂ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਇਨਸ਼ੋਰੈਂਸ ਕੌਂਸਲ ਔਫ ਬੀ ਸੀ ਨਾਲ 604-688-0321 'ਤੇ ਜਾਂ *licensing@insurancecouncilofbc.com* 'ਤੇ ਸੰਪਰਕ ਕਰੋ।

# ਲਾਈਫ ਇਨਸ਼ੋਰੈਂਸ ਏਜੰਟ ਬਣਨਾ: ਆਮ ਜਾਣਕਾਰੀ

## ਯੋਗਤਾ ਲਈ ਸ਼ਰਤਾਂ

1. **ਐੱਲ ਐੱਲ ਕਿਉ ਪੀ ਪ੍ਰੀਰੈਕੋਜ਼ਿਟ ਕੋਰਸ ਪੂਰਾ ਕਰੋ**

2. **ਐੱਲ ਐੱਲ ਕਿਉ ਪੀ ਟੈੱਸਟ ਪਾਸ ਕਰੋ**
*(ਐੱਲ ਐੱਲ ਕਿਉ ਪੀ ਕੋਰਸ ਪੂਰਾ ਕਰਨ ਦੇ ਇਕ ਸਾਲ ਦੇ ਅੰਦਰ ਅੰਦਰ)*

3. **ਕੌਂਸਲ ਰੂਲਜ਼ ਕੋਰਸ ਪੂਰਾ ਕਰੋ**
*(ਲਸੰਸ ਲਈ ਅਪਲਾਈ ਕਰਨ ਤੋਂ ਪਹਿਲਾਂ, ਐਪਲੀਕੇਸ਼ਨ ਦੇਣ ਤੋਂ ਬਾਅਦ ਇਕ ਸਾਲ ਦੇ ਵਿਚ ਵਿਚ)*

## ਲਸੰਸ ਲਈ ਐਪਲੀਕੇਸ਼ਨ

4. ਪੜਚੋਲ ਕਰੋ ਅਤੇ ਇਹ ਪੱਕਾ ਕਰੋ ਕਿ ਤੁਸੀਂ ਐਪਲੀਕੇਸ਼ਨ ਲਈ ਸ਼ਰਤਾਂ ਪੂਰੀਆਂ ਕਰਦੇ ਹੋ:

- ☐ ਤੁਸੀਂ ਘੱਟੋ ਘੱਟ ਇਕ ਇਨਸ਼ੋਰੈਂਸ ਕੰਪਨੀ ਨਾਲ ਕੌਨਟਰੈਕਟ ਕਰ ਲਿਆ ਹੈ।
- ☐ ਤੁਹਾਡੇ ਕੋਲ ਸੁਪਰਵਾਈਜ਼ਰ ਹੈ ਜੋ ਨਿਊ ਲਾਈਫ ਏਜੰਟ ਸੁਪਰਵੀਜ਼ਨ ਗਾਈਡਲਾਈਨਜ਼ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।
- ☐ ਤੁਹਾਡੇ ਕੋਲ ਗਲਤੀਆਂ ਅਤੇ ਉਕਾਈਆਂ ਦੀ ਲੋੜੀਂਦੀ ਘੱਟੋ ਘੱਟ ਇਨਸ਼ੋਰੈਂਸ ਕਵਰੇਜ ਹੈ।
- ☐ ਤੁਸੀਂ ਐਪਲੀਕੇਸ਼ਨ ਦੇਣ ਤੋਂ ਬਾਅਦ ਦੇ 90 ਦਿਨਾਂ ਦੇ ਵਿਚ ਵਿਚ ਕ੍ਰਿਮੀਨਲ ਰਿਕਾਰਡ ਚੈੱਕ ਪੂਰਾ ਕਰ ਲਿਆ ਹੈ।
- ☐ ਤੁਸੀਂ ਲਸੰਸ ਲਈ ਐਪਲੀਕੇਸ਼ਨ ਵਿਚ ਦਰਜ ਬਾਕੀ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋ, ਸਮੇਤ ਯੋਗਤਾ ਅਤੇ ਹਿੱਤਾਂ ਦੇ ਟਕਰਾਅ ਬਾਰੇ।

5. **ਲਸੰਸ ਲਈ ਭਰੀ ਹੋਈ ਐਪਲੀਕੇਸ਼ਨ ਇਨਸ਼ੋਰੈਂਸ ਕੌਂਸਲ ਔਫ ਬੀ ਸੀ ਕੋਲ ਦਰਜ ਕਰਵਾਉ**

## ਲਸੰਸ ਕਾਇਮ ਰੱਖਣਾ

6. **ਲਸੰਸ ਲਈ ਚਾਲੂ ਰਹਿਣ ਵਾਲੀਆਂ ਸ਼ਰਤਾਂ ਪੂਰੀਆਂ ਕਰੋ:**
   - ਗਲਤੀਆਂ ਅਤੇ ਉਕਾਈਆਂ ਦੀ ਮੌਜੂਦਾ ਇਨਸ਼ੋਰੈਂਸ ਰੱਖੋ
   - ਕੌਂਸਲ ਨੂੰ ਜ਼ਰੂਰੀ ਸੂਚਨਾਵਾਂ ਦਿਉ
   - ਇਨਸ਼ੋਰੈਂਸ ਕੌਂਸਲ ਦੇ ਨਿਯਮਾਂ ਅਤੇ ਕੋਡ ਔਫ ਕੰਡਕਟ ਦੀ ਪਾਲਣਾ ਕਰੋ

7. **ਸਲਾਨਾ 31 ਮਈ ਤੱਕ:**
   - ਸੀ ਈ ਪ੍ਰੋਗਰਾਮ ਦੀਆਂ ਆਪਣੀਆਂ ਸ਼ਰਤਾਂ ਪੂਰੀਆਂ ਕਰੋ
   - ਆਪਣੀ ਸਾਲਾਨਾ ਲਾਇਸੈਂਸ ਰਿਨਿਊਅਲ (ਲਸੰਸ  ਨਵਿਆਉਣਾ) ਨੂੰ ਪੂਰਾ ਕਰੋ

# ਸ਼ਬਦਾਂ ਦੇ ਅਰਥ

**ਐਨੂਅਲ ਲਾਇਸੈਂਸ ਰਿਨਿਊਅਲ:** ਐਨੂਅਲ ਲਾਇਸੈਂਸ ਰਿਨਿਊਅਲ (ਹਰ ਸਾਲ ਲਸੰਸ ਨਵਿਆਉਣ) ਦਾ ਕਾਰਜ ਜਿਸ ਵਿਚ ਇਹ ਪੱਕਾ ਕਰਨ ਲਈ ਇਕ ਡੈਕਲਾਰੇਸ਼ਨ ਦੇਣ ਦੀ ਲੋੜ ਹੁੰਦੀ ਹੈ ਕਿ ਲਸੰਸੀ ਲਸੰਸ ਦੀਆਂ ਆਪਣੀਆਂ ਪੇਸ਼ਾਵਰ ਸ਼ਰਤਾਂ ਪੂਰੀਆਂ ਕਰਦਾ ਹੈ ਅਤੇ ਫਾਇਲ ਕਰਨ ਦੀ ਫੀਸ ਦੇਣੀ ਹੁੰਦੀ ਹੈ।

**ਕੋਡ ਔਫ ਕੰਡਕਟ:** ਇਹ ਲਿਖਤ ਇਨਸ਼ੋਰੈਂਸ ਦੇ ਕਾਰੋਬਾਰ ਲਈ ਕੰਮ ਦੇ ਮਿਆਰ ਦੱਸਦੀ ਹੈ ਜਿਨ੍ਹਾਂ ਦੀ ਪਾਲਣਾ ਲਸੰਸੀਆਂ ਨੂੰ ਕਰਨੀ ਪੈਂਦੀ ਹੈ। ਕੌਂਸਲ ਰੂਲ 7(8) ਸਾਰੇ ਲਸੰਸੀਆਂ ਤੋਂ ਕੌਂਸਲ ਦੇ ਨਿਯਮਾਂ ਦੇ ਇਲਾਵਾਂ ਕੋਡ ਔਫ ਕੰਡਕਟ ਦੀ ਪਾਲਣਾ ਕਰਨ ਦੀ ਮੰਗ ਕਰਦਾ ਹੈ।

**ਕੰਟੀਨਿਊਇੰਗ ਐਜੂਕੇਸ਼ਨ (ਸੀ ਈ) ਪ੍ਰੋਗਰਾਮ:** ਇਨਸ਼ੋਰੈਂਸ ਕੌਂਸਲ ਔਫ ਬੀ ਸੀ ਦੇ ਲਸੰਸੀਆਂ ਤੋਂ, ਪ੍ਰੈਕਟਿਸ ਅਤੇ ਇਨਸ਼ੋਰੈਂਸ ਕਾਨੂੰਨ ਦੀਆਂ ਸ਼ਰਤਾਂ, ਅਤੇ ਆਪਣੇ ਲਸੰਸ ਦੀ ਕਲਾਸ ਨਾਲ ਸੰਬੰਧਿਤ ਇਨਸ਼ੋਰੈਂਸ ਦੀਆਂ ਵਸਤਾਂ ਦਾ ਆਪਣਾ ਗਿਆਨ ਵਧਾਉਣ ਅਤੇ ਕਾਇਮ ਰੱਖਣ ਲਈ ਹਰ ਸਾਲ ਕੰਟੀਨਿਊਇੰਗ ਐਜੂਕੇਸ਼ਨ ਪ੍ਰੋਗਰਾਮ ਪੂਰਾ ਕਰਨ ਦੀ ਮੰਗ ਕੀਤੀ ਜਾਂਦੀ ਹੈ।

ਇਨਸ਼ੋਰੈਂਸ ਕੌਂਸਲ ਦੇ ਸੀ ਈ ਪ੍ਰੋਗਰਾਮ ਦੇ ਹਿੱਸੇ ਵਜੋਂ, ਲਾਈਫ ਇਨਸ਼ੋਰੈਂਸ ਏਜੰਟਾਂ ਲਈ ਕੰਟੀਨਿਊਇੰਗ ਐਜੂਕੇਸ਼ਨ ਪੂਰੀ ਕਰਨਾ ਜ਼ਰੂਰੀ ਹੈ ਜਿਹੜੀ ਸਿੱਧੀ ਇਨ੍ਹਾਂ ਨਾਲ ਸੰਬੰਧਿਤ ਹੈ:

- ਲਾਈਫ ਇਨਸ਼ੋਰੈਂਸ ਦੀਆਂ ਵਸਤਾਂ;
- ਵਿੱਤੀ ਪਲੈਨਿੰਗ, ਜੇ ਸਿੱਖਿਆ ਲਾਈਫ ਇਨਸ਼ੋਰੈਂਸ 'ਤੇ ਕੇਂਦਰਿਤ ਹੈ ਅਤੇ ਗੈਰ-ਇਨਸ਼ੋਰੈਂਸ ਵਾਲੇ ਖੇਤਰ 'ਤੇ ਨਹੀਂ, ਜਿਵੇਂ ਕਿ ਸਕਿਉਰਟੀਜ਼ ਅਤੇ ਮਿਊਚਲ ਫੰਡ;
- ਇਨਸ਼ੋਰੈਂਸ ਦੇ ਕਾਨੂੰਨ ਅਤੇ ਸ਼ਰਤਾਂ ਦੀ ਪਾਲਣਾ ਜਿਵੇਂ ਕਿ ਇਨਸ਼ੋਰੈਂਸ ਕੌਂਸਲ ਦੇ ਨਿਯਮ, ਕੋਡ ਔਫ ਕੰਡਕਟ, *ਇਨਸ਼ੋਰੈਂਸ ਐਕਟ*, ਪ੍ਰਾਈਵੇਸੀ ਦਾ ਕਾਨੂੰਨ, ਅਤੇ ਅੱਤਵਾਦ ਵਿਰੋਧੀ/ਕਾਲੇ ਧਨ ਨੂੰ ਜਾਇਜ਼ ਬਣਾਉਣ ਨਾਲ ਸੰਬੰਧਿਤ ਕਾਨੂੰਨ;
- ਨੈਤਿਕਤਾ (ਐਥਿਕਸ); ਅਤੇ
- ਗਲਤੀਆਂ ਅਤੇ ਉਕਾਈਆਂ।

ਇਨਸ਼ੋਰੈਂਸ ਕੌਂਸਲ ਦੇ ਸੀ ਈ ਪ੍ਰੋਗਰਾਮ ਬਾਰੇ ਜ਼ਿਆਦਾ ਜਾਣਕਾਰੀ ਸਾਡੇ ਵੈੱਬਸਾਈਟ ਉੱਪਰ ਉਪਲਬਧ ਹੈ।

**ਕੌਂਸਲ ਰੂਲਜ਼:** ਨਿਯਮਾਂ ਦਾ ਇਕ ਸੈੱਟ ਜਿਹੜਾ ਬੀ ਸੀ ਵਿਚਲੇ ਸਾਰੇ ਇਨਸ਼ੋਰੈਂਸ ਲਸੰਸੀਆਂ ਲਈ ਲਸੰਸ ਦੀਆਂ ਸ਼ਰਤਾਂ ਅਤੇ ਲੋੜਾਂ ਮਿੱਥਦਾ ਹੈ, ਅਤੇ ਇਹ ਉਨ੍ਹਾਂ ਸ਼ਰਤਾਂ ਤੋਂ ਇਲਾਵਾ ਹੈ ਜਿਹੜੀਆਂ ਸੂਬਾਈ *ਫਾਇਨੈਂਸ਼ਲ ਇੰਸਟੀਚਿਊਸ਼ਨਜ਼ ਐਕਟ* ਅਤੇ ਹੋਰ ਕਾਨੂੰਨ ਹੇਠ ਪਹਿਲਾਂ ਹੀ ਮਿੱਥੀਆਂ ਹੋਈਆਂ ਹਨ।

**ਕੌਂਸਲ ਰੂਲਜ਼ ਕੋਰਸ:** ਇਕ ਲਾਜ਼ਮੀ ਕੋਰਸ ਜਿਹੜਾ ਬੀ ਸੀ ਵਿਚ ਇਨਸ਼ੋਰੈਂਸ ਦੇ ਲਸੰਸ ਲਈ ਯੋਗ ਹੋਣ ਲਈ ਪੂਰਾ ਕਰਨਾ ਜ਼ਰੂਰੀ ਹੈ, ਅਤੇ ਜਿਹੜਾ ਕੌਂਸਲ ਦੇ ਨਿਯਮਾਂ, ਸੂਬੇ ਦੇ ਕਾਨੂੰਨ ਅਤੇ ਹੋਰ ਕਾਨੂੰਨੀ ਜ਼ਿੰਮੇਵਾਰੀਆਂ ਹੇਠ, ਲਸੰਸੀ ਦੀਆਂ ਜ਼ਿੰਮੇਵਾਰੀਆਂ ਬਾਰੇ ਹਦਾਇਤਾਂ ਦਿੰਦਾ ਹੈ।

**ਐਰਰਜ਼ ਐਂਡ ਓਮਿਸ਼ਨਜ਼ (ਈ ਐਂਡ ਓ) ਇਨਸ਼ੋਰੈਂਸ:** ਪੇਸ਼ਾਵਰ ਜ਼ਿੰਮੇਵਾਰੀ ਦੀ ਇਨਸ਼ੋਰੈਂਸ ਜਿਹੜੀ ਇਨਸ਼ੋਰੈਂਸ ਕਰਵਾਉਣ ਵਾਲੇ ਵਿਅਕਤੀ ਨੂੰ ਗਲਤੀ ਜਾਂ ਅਣਗਹਿਲੀ ਦੇ ਕਲੇਮਾਂ ਤੋਂ ਸੁਰੱਖਿਅਤ ਕਰਦੀ ਹੈ। ਸਾਰੇ ਇਨਸ਼ੋਰੈਂਸ ਲਸੰਸੀਆਂ ਨੂੰ ਅਜਿਹੀ ਐਰਰਜ਼ ਐਂਡ ਓਮਿਸ਼ਨਜ਼ ਇਨਸ਼ੋਰੈਂਸ ਰੱਖਣੀ ਪੈਂਦੀ ਹੈ ਜਾਂ ਇਸ ਹੇਠ ਕਵਰ ਹੋਣਾ ਪੈਂਦਾ ਹੈ ਜਿਸ ਵਿਚ ਪ੍ਰਤੀ ਕਲੇਮ ਘੱਟੋ ਘੱਟ $1,000,000 ਦੀ ਕਵਰੇਜ ਅਤੇ ਸਮੁੱਚੇ ਤੌਰ ’ਤੇ $2,000,000 ਦੀ ਰੱਖਣੀ ਪੈਂਦੀ ਹੈ ਜਿਹੜੀ ਇਨਸ਼ੋਰੈਂਸ ਦੀਆਂ ਸਾਰੀਆਂ ਸਰਗਰਮੀਆਂ ਲਈ ਹੁੰਦੀ ਹੈ।

**ਫਾਇਨੈਂਸ਼ਲ ਇੰਸਟੀਚਿਊਸ਼ਨਜ਼ ਐਕਟ:** ਸੂਬੇ ਦਾ ਇਕ ਕਾਨੂੰਨ ਜਿਹੜਾ ਇਹ ਪ੍ਰਬੰਧ ਚਲਾਉਣ ਲਈ ਨਿਯਮਾਂ ਦਾ ਢਾਂਚਾ ਪ੍ਰਦਾਨ ਕਰਦਾ ਹੈ ਕਿ ਇਨਸ਼ੋਰੈਂਸ ਕੰਪਨੀਆਂ ਅਤੇ ਇਨ੍ਹਾਂ ਦੇ ਵਿਚੋਲੇ (ਜਿਨ੍ਹਾਂ ਵਿਚ ਇਨਸ਼ੋਰੈਂਸ ਕੌਂਸਲ ਵਲੋਂ ਲਸੰਸਸ਼ੁਦਾ ਇਨਸ਼ੋਰੈਂਸ ਏਜੰਟ, ਸੇਲਜ਼ਪਰਸਨਜ਼ ਅਤੇ ਅਡਜਸਟਰ ਸ਼ਾਮਲ ਹਨ), ਕਰੈਡਿਟ ਯੂਨੀਅਨਾਂ ਅਤੇ ਟਰੱਸਟ ਕੰਪਨੀਆਂ ਬ੍ਰਿਟਿਸ਼ ਕੋਲੰਬੀਆ ਵਿਚ ਕਿਵੇਂ ਕੰਮ ਕਰਨਗੀਆਂ।

**ਇਨਸ਼ੋਰੈਂਸ ਐਕਟ:** ਸੂਬੇ ਦਾ ਇਕ ਕਾਨੂੰਨ ਜਿਹੜਾ ਬ੍ਰਿਟਿਸ਼ ਕੋਲੰਬੀਆ ਵਿਚ ਕੀਤੇ ਗਏ ਜਾਂ ਕੀਤੇ ਜਾਣ ਵਾਲੇ ਇਨਸ਼ੋਰੈਂਸ ਦੇ ਕੌਨਟਰੈਕਟਾਂ ਲਈ ਕਾਨੂੰਨੀ ਸ਼ਰਤਾਂ ਤੈਅ ਕਰਦਾ ਹੈ।

**ਇਨਸ਼ੋਰੈਂਸ ਏਜੰਟ:** *ਫਾਇਨੈਂਸ਼ਲ ਇੰਸਟੀਚਿਊਸ਼ਨਜ਼ ਐਕਟ* ਅਧੀਨ ਉਹ ਵਿਅਕਤੀ ਹੈ ਜਿਹੜਾ “ਇਨਸ਼ੋਰੈਂਸ ਲਈ ਐਪਲੀਕੇਸ਼ਨ ਲਈ ਬੇਨਤੀ ਕਰਦਾ ਹੈ, ਹਾਸਲ ਕਰਦਾ ਜਾਂ ਲੈਂਦਾ ਹੈ, ਜਾਂ ਇਨਸ਼ੋਰੈਂਸ ਲਈ ਸੌਦੇਬਾਜ਼ੀ ਕਰਦਾ ਹੈ ਜਾਂ ਇਨਸ਼ੋਰੈਂਸ ਹਾਸਲ ਕਰਦਾ ਹੈ, ਜਾਂ ਪੌਲਸੀ ’ਤੇ ਸਾਈਨ ਕਰਦਾ ਹੈ ਜਾਂ ਪੌਲਸੀ ਦਿੰਦਾ ਹੈ, ਜਾਂ ਇਨਸ਼ੋਰੈਂਸ ਦੀ ਕਿਸ਼ਤ ਇਕੱਠੀ ਕਰਦਾ ਜਾਂ ਲੈਂਦਾ ਹੈ।”

**ਇਨਸ਼ੋਰੈਂਸ ਕੌਂਸਲ ਔਫ ਬੀ ਸੀ:** ਇਨਸ਼ੋਰੈਂਸ ਏਜੰਟਾਂ, ਸੇਲਜ਼ਪਰਸਨਜ਼, ਅਤੇ ਆਜ਼ਾਦ ਅਡਜਸਟਰਾਂ ਦੇ ਲਸੰਸਾਂ ਅਤੇ ਨਿਗਰਾਨੀ ਲਈ ਬੀ ਸੀ ਦੀ ਸਰਕਾਰ ਵੱਲੋਂ ਨਿਯੁਕਤ ਇਨਸ਼ੋਰੈਂਸ ਨੂੰ ਨਿਯਮਬੱਧ ਕਰਨ ਵਾਲੀ ਸੰਸਥਾ।

**ਲਾਈਫ ਏਜੰਟ:** ਇਸ ਨੂੰ ਲਾਈਫ ਅਤੇ ਜਾਂ ਐਕਸੀਡੈਂਟ ਅਤੇ ਸਿਕਨੈੱਸ ਇਨਸ਼ੋਰੈਂਸ ਏਜੰਟ ਦੇ ਤੌਰ ‘ਤੇ ਵੀ ਜਾਣਿਆ ਜਾਂਦਾ ਹੈ। ਲਾਈਫ ਏਜੰਟ, ਲਾਈਫ ਅਤੇ ਐਕਸੀਡੈਂਟ ਅਤੇ ਸਿਕਨੈੱਸ ਇਨਸ਼ੋਰੈਂਸ ਦੋਨਾਂ ਲਈ ਇਨਸ਼ੋਰੈਂਸ ਏਜੰਟ ਵਜੋਂ ਕੰਮ ਕਰਨ ਲਈ ਅਧਿਕਾਰਤ ਹੁੰਦਾ ਹੈ।

**ਲਾਈਫ ਏਜੰਟ ਸੁਪਰਵਾਈਜ਼ਰ:** ਲਸੰਸਸ਼ੁਦਾ ਵਿਅਕਤੀ ਜਿਹੜਾ ਕਿਸੇ ਨਵੇਂ ਲਾਈਫ ਏਜੰਟ ਦੀ ਸਿੱਧੀ ਨਿਗਰਾਨੀ ਕਰਦਾ ਹੈ ਅਤੇ ਜਿਹੜਾ ਨਵੇਂ ਲਾਈਫ ਏਜੰਟਾਂ ਦੀ ਨਿਗਰਾਨੀ ਕਰਨ ਲਈ ਇਨਸ਼ੋਰੈਂਸ ਕੌਂਸਲ ਦੀਆਂ ਗਾਈਡਲਾਈਨਾਂ ਹੇਠ ਅਜਿਹਾ ਕਰਨ ਲਈ ਯੋਗ ਹੁੰਦਾ ਹੈ।

**ਲਾਈਫ ਲਾਇਸੰਸ ਕੁਆਲੀਫੀਕੇਸ਼ਨ ਪ੍ਰੋਗਰਾਮ (ਐੱਲ ਐੱਲ ਕਿਊ ਪੀ):** ਐੱਲ ਐੱਲ ਕਿਊ ਪੀ ਕੋਰਸ ਅਤੇ ਟੈੱਸਟ, ਲਸੰਸ ਲਈ ਯੋਗ ਹੋਣ ਦਾ ਇਕ ਮਿਆਰ ਹੈ ਜਿਹੜਾ ਉਨ੍ਹਾਂ ਸਾਰੇ ਵਿਅਕਤੀਆਂ ’ਤੇ ਲਾਗੂ ਹੁੰਦਾ ਹੈ ਜਿਹੜੇ ਕੈਨੇਡਾ ਵਿਚ ਲਾਈਫ ਇਨਸ਼ੋਰੈਂਸ ਏਜੰਟਾਂ ਵਜੋਂ ਲਸੰਸ ਵਾਲੇ ਬਣਨਾ ਚਾਹੁੰਦੇ ਹਨ।

**ਮੈਨੇਟੋਰੀ ਨੋਟੀਫੀਕੇਸ਼ਨਜ਼:** ਲਸੰਸੀਆਂ ਦੀ ਉਨ੍ਹਾਂ ਖਾਸ ਤਬਦੀਲੀਆਂ ਜਾਂ ਫੈਸਲਿਆਂ ਦੀ ਕੌਂਸਲ ਨੂੰ ਸੂਚਨਾ ਦੇਣ ਦੀ ਜ਼ਿੰਮੇਵਾਰੀ ਹੈ ਜਿਹੜੇ ਉਨ੍ਹਾਂ ਦੇ ਇਨਸ਼ੋਰੈਂਸ ਦੇ ਲਸੰਸ ਨਾਲ ਸੰਬੰਧਿਤ ਹੁੰਦੇ ਹਨ। ਇਹ ਨਿੱਜੀ ਜਾਂ ਕਾਰੋਬਾਰ ਨਾਲ ਸੰਬੰਧਿਤ ਤਬਦੀਲੀਆਂ, ਜਾਂ ਅਨੁਸਾਸ਼ਨੀ ਜਾਂ ਕਾਨੂੰਨੀ ਫੈਸਲਿਆਂ ਨਾਲ ਸੰਬੰਧਿਤ ਹੋ ਸਕਦੇ ਹਨ। ਸਾਰੀਆਂ ਜ਼ਰੂਰੀ ਸੂਚਨਾਵਾਂ ਦੀ ਲਿਸਟ ਲਈ ਕਿਰਪਾ ਕਰਕੇ ਸਾਡੇ ਵੈੱਬਸਾਈਟ ’ਤੇ ਜਾਉ।

**ਨਿਊ ਲਾਈਫ ਇਨਸ਼ੋਰੈਂਸ ਏਜੰਟ**: ਇੱਕ ਵਿਅਕਤੀ ਜਿਸ ਨੇ 1 ਸਤੰਬਰ, 2012 ਨੂੰ ਜਾਂ ਇਸ ਤੋਂ ਬਾਅਦ ਲਾਈਫ ਅਤੇ/ਜਾਂ ਐਕਸੀਡੈਂਟ ਅਤੇ ਸਿਕਨੈੱਸ ਇਨਸ਼ੋਰੈਂਸ ਏਜੰਟ ਦਾ ਲਸੰਸ ਲਿਆ ਹੈ, ਅਤੇ ਘੱਟੋ-ਘੱਟ 24 ਮਹੀਨਿਆਂ ਤੋਂ ਐਕਟਿਵ ਲਾਈਫ ਅਤੇ/ਜਾਂ ਐਕਸੀਡੈਂਟ ਅਤੇ ਸਿਕਨੈੱਸ ਇਨਸ਼ੋਰੈਂਸ ਏਜੰਟ ਵਜੋਂ ਲਸੰਸਸ਼ੁਦਾ ਨਹੀਂ ਹੈ।

v.1.4 [Punjabi]

© INSURANCE COUNCIL OF BRITISH COLUMBIA, 2025

Suite 1400, 745 Thurlow Street, Vancouver, BC  V6E 0C5

WWW.INSURANCECOUNCILOFBC.COM